| ਮਰੀਜ਼ਾਂ ਲਈ ਹਿਦਾਇਤਾਂ |
| --- |
| ਹੈਲੀਕੋਬੈਕਟਰ ਪਾਈਲੋਰੀ (Helicobacter pylori) ਸਟੂਲ (ਟੱਟੀ) ਐਂਟੀਜਨ ਜਾਂਚ |

ਤੁਹਾਡੇ ਡਾਕਟਰ ਨੇ ਹੈਲੀਕੋਬੈਕਟਰ ਪਾਇਲੋਰੀ ਸਟੂਲ ਐਂਟੀਜਨ ਟੈਸਟ ਕਰਵਾਉਣ ਦੀ ਬੇਨਤੀ ਕੀਤੀ ਹੈ। ਲੈਬਾਰਟਰੀ ਜਾਂਚ ਦਾ ਸਹੀ ਨਤੀਜਾ ਪ੍ਰਾਪਤ ਕਰਨ ਲਈ, ਤੁਹਾਡੇ ਲਈ ਇਹਨਾਂ ਹਿਦਾਇਤਾਂ ਦੀ ਪਾਲਣਾ ਕਰਨੀ ਜ਼ਰੂਰੀ ਹੈ।

**ਜਾਂਚ ਤੋਂ ਪਹਿਲਾਂ ਦੀਆਂ ਹਿਦਾਇਤਾਂ**

ਕਿਰਪਾ ਕਰਕੇ ਇਹ ਜਾਂਚ ਕਰਵਾਉਣ ਤੋਂ ਪਹਿਲਾਂ, ਆਪਣੇ ਡਾਕਟਰ ਨਾਲ ਆਪਣੀ ਦਵਾਈ ਦੇ ਇਸਤੇਮਾਲ ਬਾਰੇ ਗੱਲਬਾਤ ਕਰੋ।

ਐਂਟੀਬਾਇਓਟਿਕ ਦਵਾਈਆਂ ਅਤੇ ਤੇਜ਼ਾਬ ਘੱਟ ਕਰਨ ਵਾਲੀਆਂ ਦਵਾਈਆਂ ਇਸ ਜਾਂਚ ਵਿੱਚ ਦਖਲ ਦੇ ਸਕਦੀਆਂ ਹਨ ਅਤੇ ਜਾਂਚ ਤੋਂ ਪਹਿਲਾਂ ਬ੍ਰੈਕਟਾਂ ਵਿੱਚ ਦਿੱਤੀ ਗਈ ਮਿਆਦ ਲਈ ਨਹੀਂ ਲੈਣੀਆਂ ਚਾਹੀਦੀਆਂ ਹਨ।

1. ਐਂਟੀਬਾਇਓਟਿਕ ਦਵਾਈਆਂ *ਜਿਵੇਂ* ਅਮੋਕਸਿਸਿਲਿਨ, ਕਲੈਰਿਥਰੋਮਾਈਸਿਨ, ਮੈਟਰੋਨਾਈਡਾਜ਼ੋਲ, ਟੈਟਰਾਸਾਈਕਲੀਨ (4 ਹਫ਼ਤੇ)
2. ਬਿਸਮਥ ਤੋਂ ਤਿਆਰ ਕੀਤੀਆਂ ਗਈਆਂ ਦਵਾਈਆਂ *ਜਿਵੇਂ* ਪੈਪਟੋ-ਬਿਸਮੋਲ (2 ਹਫ਼ਤੇ)
3. ਪ੍ਰੋਟੋਨ ਪੰਪ ਇੰਹਿਬਿਟਰਜ਼ *ਜਿਵੇਂ* ਨੈਕਸਿਅਮ, ਪੈਰੀਏਟ, ਪਰੀਵੈਸਿਡ, ਲੋਸੈਕ, ਪੈਂਟੋਲੋਕ, ਪੈਂਟੋਪ੍ਰਾਜ਼ੋਲ (ਟੈਕਟਾ®) (7 ਦਿਨ)
4. H2 ਰਿਸੈਪਟਰ ਐਂਟਾਗੋਨਿਸਟ ਦਵਾਈਆਂ *ਜਿਵੇਂ* ਜ਼ੈਂਟੈਕ, ਟੈਗਾਮੈਟ, ਪੈਪਸਿਡ (1 ਦਿਨ)
5. ਐਂਟਐਸਿਡ ਦਵਾਈਆਂ *ਜਿਵੇਂ* ਮਾਲੋਕਸ, ਡਾਈਓਵੋਲ, ਗੈਵਿਸਕੋਨ, ਟਮਸ (1 ਦਿਨ)

ਜੇਕਰ ਤੁਸੀਂ ਇਹਨਾਂ ਵਿੱਚੋਂ ਕੋਈ ਵੀ ਦਵਾਈ ਲੈ ਰਹੇ ਹੋ, ਤਾਂ ਇਹ ਸਲਾਹ ਦਿੱਤੀ ਜਾਂਦੀ ਹੈ ਕਿ ਤੁਸੀਂ ਜਾਂਚ ਕਰਵਾਉਣ ਤੋਂ ਪਹਿਲਾਂ ਇਸ ਬਾਰੇ ਆਪਣੇ ਡਾਕਟਰ ਨਾਲ ਗੱਲਬਾਤ ਕਰੋ।

**ਨਮੂਨਾ ਲੈਣ ਲਈ ਹਿਦਾਇਤਾਂ**

1



ਜ਼ਰੂਰਤ ਹੋਣ ਤੇ ਟੌਇਲਟ ਵਿੱਚ ਪੇਸ਼ਾਬ ਕਰੋ।

2




ਟੌਇਲਟ ਸੀਟ ਨੂੰ ਚੁੱਕੋ। ਟੌਇਲਟ ਬਾਊਲ ਦੇ ਉੱਪਰ ਪਲਾਸਟਿਕ ਰੈਪ (ਉਦਾਹਰਨ ਲਈ ਸਰਾਨ ਰੈਪ™) ਦੀਆਂ ਸ਼ੀਟਾਂ ਰੱਖੋ, ਅਤੇ ਸ਼ੀਟਾਂ ਦੇ ਮੱਧ ਵਿੱਚ ਥੋੜ੍ਹੀ ਜਿਹੀ ਡੂੰਘ ਰੱਖੋ। ਟੌਇਲਟ ਸੀਟ ਨੂੰ ਥੱਲੇ ਰੱਖ ਦਿਓ। ਪਲਾਸਟਿਕ ਦੀ ਸ਼ੀਟ 'ਤੇ ਲੈਟਰੀਨ ਕਰੋ।

3



ਜਾਂ



ਨਹੀਂ ਤਾਂ, ਇਕ ਸਾਫ ਕੌਲਾ ਜਾਂ ਕੀਟਾਣੂਮੁਕਤ ਬੈੱਡਪੈਨ ਦੀ ਵਰਤੋਂ ਕਰੋ। ਲੈਟਰੀਨ ਦੇ ਨਮੂਨੇ 'ਤੇ ਪਾਣੀ ਜਾਂ ਪੇਸ਼ਾਬ ਨਾ ਲੱਗਣ ਦਿਓ।

4



ਕੈਪ ਦੇ ਨਾਲ ਲੱਗੇ ਹੋਏ ਚਮਚੇ ਦੀ ਵਰਤੋਂ ਕਰਦੇ ਹੋਏ, ਸਟੂਲ ਨੂੰ ਕੰਟੇਨਰ ਵਿੱਚ ਪਾਓ।
ਕੰਟੇਨਰ ਨੂੰ ਜ਼ਿਆਦਾ ਨਾ ਭਰੋ।
ਸਟੂਲ ਨੂੰ "ਫਿਲ ਲਾਈਨ" ਤੱਕ ਭਰੋ। ਕੈਪ ਨੂੰ ਚੰਗੀ ਤਰ੍ਹਾਂ ਕੱਸ ਕੇ ਲਗਾਓ।

5

6



ਸਾਬਣ ਅਤੇ ਪਾਣੀ ਨਾਲ ਹੱਥ ਧੋਵੋ। ਹਰੇਕ ਕੰਟੇਨਰ ਉੱਤੇ ਨਾਮ, ਜਨਮ ਮਿਤੀ ਜਾਂ ਹੈਲਥ ਕਾਰਡ ਨੰਬਰ, ਅਤੇ ਨਮੂਨਾ ਲੈਣ ਦੀ ਮਿਤੀ ਅਤੇ ਸਮਾਂ ਲਿਖੋ। ਪਲਾਸਟਿਕ ਬੈਗ (ਬੈਗਾਂ) ਵਿੱਚ ਕੰਟੇਨਰ (ਕੰਟੇਨਰਾਂ) ਨੂੰ ਪਾਓ ਅਤੇ ਇਸ ਨੂੰ ਸੀਲ ਕਰੋ।

7



ਨਮੂਨਾ ਲੈਣ ਦੇ <u>12 ਘੰਟਿਆਂ</u> ਦੇ ਅੰਦਰ ਕੰਟੇਨਰ ਨੂੰ ਵਾਪਸ ਲਬਾਰਟਰੀ ਵਿੱਚ ਲੈ ਕੇ ਆਓ। ਦੇਰੀ ਕਰਨ 'ਤੇ ਦੁਬਾਰਾ ਨਮੂਨਾ ਲੈਣਾ ਪਏਗਾ। ਨਮੂਨਿਆਂ ਨੂੰ ਲਬਾਰਟਰੀ ਵਿੱਚ ਲਿਆਏ ਜਾਣ ਦੇ ਸਮੇਂ ਤੱਕ ਫ੍ਰਿਜ ਵਿੱਚ ਰੱਖੋ।